# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਮਾਨਸਾ

ਪਹਿਲੀ ਮੰਜਿਲ ਕਮਰਾ ਨੰ: 30-ਏ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਸਿਵਲ ਸਕੱਤਰੇਤ, ਮਾਨਸਾ
**ਫੈਕਸ ਨੰ: 01652-229588, ਈ.ਮੇਲ. dpormsa@gmail.com**

ਵੱਲ

ਯਾਦ ਪੱਤਰ:1

ਪ੍ਰਿੰਸੀਪਲ/ ਮੁੱਖ ਅਧਿਆਪਕ
ਸਰਕਾਰੀ ਸੈਕੰਡਰੀ /ਹਾਈ ਸਕੂਲ
ਜਿਲ੍ਹਾ ਮਾਨਸਾ।

ਪੱਤਰ ਨੰ:- ਰਮਸਅ/ਲੇਖਾ/2018/94
ਮਿਤੀ:- 22/03/2018

**ਵਿਸ਼ਾ:-** **ਰਮਸਅ ਅਧੀਨ** ਸਕੂਲ ਪੱਧਰ ਤੇ ਪਈ ਅਣਵਰਤੀ ਗ੍ਰਾਂਟ ਮੁੱਖ ਦਫਤਰ ਵਿਖੇ ਵਾਪਿਸ ਕਰਨ ਸਬੰਧੀ।

**ਹਵਾਲਾ:-** **ਮੁੱਖ ਦਫਤਰ ਦਾ ਪੱਤਰ ਨੰ:ਆਰ.ਐਮ.ਐਸ.ਏ/ਵਿੱਤ/20183970 ਮਿਤੀ 15.03.2018**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਹਵਾਲਾ ਪੱਤਰ ਰਾਂਹੀ ਮੁੱਖ ਦਫਤਰ ਵੱਲੋਂ ਅਣਵਰਤੇ ਫੰਡਜ ਰਿਫੰਡ ਕਰਨ ਦੀ ਹਦਾਇਤ ਹੋਈ ਹੈ।ਸੋ ਆਪ ਨੂੰ ਇਸ ਦਫਤਰ ਦੇ ਪੱਤਰ ਨੰ: ਰਮਸਅ/2018/81 ਮਿਤੀ 16/03/2018 ਰਾਹੀ ਹਦਾਇਤ ਕੀਤੀ ਗਈ ਸੀ ਕਿ ਰਮਸਅ ਅਤੇ ਰਮਸਅ ਤਹਿਤ ਚੱਲ ਰਹੇ ਹੋਰ ਸਕੀਮਾਂ ਦੇ ਖਾਤਿਆਂ ਵਿੱਚ ਪਏ ਅਣਵਰਤੇ ਫੰਡਜ਼ ਵਿੱਚੋਂ ਜ਼ੋ ਫੰਡਜ਼ ਸਾਲ 2017-18 ਦੀਆਂ ਪ੍ਰਵਾਨਿਤ ਗਤੀਵਿਧੀਆਂ ਉੱਪਰ ਖਰਚ ਕੀਤੇ ਜਾਣੇ ਹਨ ਅਤੇ ਜ਼ੋ ਫੰਡਜ਼ ਬੈਂਕ ਖਾਤਿਆਂ ਵਿੱਚ minimum balance ਰੱਖਣ ਲਈ ਲੋੜੀਂਦੇ ਹਨ,ਨੂੰ ਰੱਖਣ ਉਪਰੰਤ ਸਕੂਲ ਪੱਧਰ ਤੇ ਪਈ ਅਣਵਰਤੀ ਰਾਸ਼ੀ ਨੂੰ ਇਸ ਦਫਤਰ ਦੇ ਸਬੰਧਤ ਸਕੀਤ ਦੇ ਖਾਤੇ ਵਿੱਚ ਮਿਤੀ 22/03/2018 ਤੱਕ ਈ ਟ੍ਰਾਂਸਫਰ ਕੀਤੀ ਜਾਵੇ ਅਤੇ ਇਸ ਸਬੰਧੀ ਇਸ ਦਫਤਰ ਨੂੰ ਲਿਖਤੀ ਰੂਪ ਵਿੱਚ ਈ.ਮੇਲ dpormsa@gmail.com ਰਾਹੀ ਸੂਚਿਤ ਕੀਤਾ ਜਾਵੇ।ਪਰ ਅੱਜ ਤੱਕ ਸਿਰਫ ਤਿੰਨ ਸਕੂਲਾਂ ਵੱਲੋਂ ਗ੍ਰਾਂਟ ਰਿਫੰਡ ਕੀਤੀ ਗਈ ਹੈ।ਸੋ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਅਣਵਰਤੀ ਰਾਸ਼ੀ ਇਸ ਦਫਤਰ ਦੇ ਸਬੰਧਤ ਖਾਤੇ ਵਿੱਚ ਅੱਜ ਹੀ ਰਿਫੰਡ ਕਰਨੀ ਯਕੀਨੀ ਬਣਾਈ ਜਾਵੇ।ਇਸ ਕੰਮ ਨੂੰ ਪਰਮ ਅਗੇਤ ਦਿੱਤੀ ਜਾਵੇ।ਇਸ ਸਬੰਧੀ ਕਿਸੇ ਕਿਸਮ ਦੀ ਅਣਗਹਿਲੀ ਲਈ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ।ਅਣਵਰਤੀ ਰਕਮ ਦਾ ਚੈਕ ਸਵੀਕਾਰ ਨਹੀਂ ਕੀਤਾ ਜਾਵੇਗਾ।ਜੇਕਰ 1 ਅਪ੍ਰੈਲ 2018 ਨੂੰ ਸਕੂਲ ਪੱਧਰ ਤੇ ਅਣਵਰਤੇ ਫੰਡ ਪਾਏ ਗਏ ਤਾਂ ਇਸ ਦੀ ਨਿਜੀ ਜਿੰਮੇਵਾਰੀ ਆਪ ਦੀ ਹੋਵੇਗੀ।ਇਸ ਦੇ ਨਾਲ ਹੀ ਜਿਸ ਮਿਤੀ ਨੂੰ ਫੰਡ ਰਿਫੰਡ ਕੀਤੇ ਜਾਣਗੇ ਉਸ ਮਿਤੀ ਦੀ ਪਾਸ ਬੁੱਕ ਅਤੇ ਕੈਸ਼ ਬੁੱਕ ਦੇ ਬਕਾਏ ਵਾਲੇ ਪੇਜ਼ ਦੀ ਕਾਪੀ ਜਿਸ ਵਿੱਚ ਮੱਦ ਵਾਈਜ਼ ਬਕਾਏ ਦਾ ਵੇਰਵਾ ਦਰਸ਼ਾਇਆ ਹੋਵੇ ,ਨਾਲ ਈ-ਮੇਲ ਕੀਤਾ ਜਾਵੇ।

ਨਾਲ ਨੱਥੀ: ਬੈਂਕ ਖਾਤਿਆਂ ਦਾ ਵੇਰਵਾ।

22/03/18

ਉਪ- ਜਿਲ੍ਹਾ ਸਿੱਖਿਆ ਅਫਸਰ(ਸੈਂ.ਸਿੱ.)
ਮਾਨਸਾ।

RMSA & OTHER SCHEMES ACCOUNT DETAIL

| SR. NO. | Scheme Name | Bank Name | Bank Account No. | RTGS/IFSC Code |
|---|---|---|---|---|
| 1 | DISTRICT PROJECT DIRECTOR RMSA VOCATIONAL EDUCATION VOCATIONAL | Axis Bank,Mansa | 914010039344400 | UTIB0000421 |
| 2 | DISTRICT PROJECT DIRECTOR RMSA IEDSS | Axis Bank,Mansa | 914010039418983 | UTIB0000421 |
| 3 | DISTRICT PROJECT DIRECTOR RMSA GIRLS HOSTEL | Axis Bank,Mansa | 914010039418925 | UTIB0000421 |
| 4 | RMSA | SBI, MANSA | 30871572097 | SBIN0001735 |